# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ. ਨੰ :104-106, ਦੂਜੀ ਅਤੇ ਤੀਜੀ ਮੰਜਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)।
2) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ)।
3) ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ.: ਐਸ.ਐਸ.ਏ/ਐਮਸੀ/ 2013/ 1199-1201
ਮਿਤੀ, ਚੰਡੀਗੜ੍ਹ 22-01-2013

**ਵਿਸ਼ਾ:-** **ਪ੍ਰੀ-ਬੋਰਡ ਫਰਵਰੀ, 2013 ਅਤੇ ਮਾਰਚ, 2013 ਵਿੱਚ ਹੋਣ ਵਾਲੇ ਵਿਦਿਆਰਥੀਆਂ ਦੇ ਸਾਲਾਨਾ ਮੁਲਾਂਕਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਸਭ ਨੂੰ ਪਤਾ ਹੀ ਹੈ ਕਿ, ਚੌਥੀ ਤੋਂ ਅਠਵੀਂ ਜਮਾਤ ਦੇ ਵਿਦਿਆਰਥੀਆਂ ਦਾ ਸੁਮੈਟਿਵ ਮੁਲਾਂਕਣ - II, ਮਾਰਚ 2013 ਵਿੱਚ ਹੋਣਾ ਹੈ। ਜਿਸ ਸਬੰਧੀ, ਚੌਥੀ ਅਤੇ ਪੰਜਵੀਂ ਜਮਾਤ ਦੇ ਵਿਦਿਆਰਥੀ ਲਈ ਪ੍ਰਮੁੱਖ ਪੰਜ ਵਿਸ਼ਿਆਂ ਪੰਜਾਬੀ, ਹਿੰਦੀ, ਅੰਗ੍ਰੇਜ਼ੀ,ਗਣਿਤ ਅਤੇ ਵਾਤਾਵਰਣ ਸਿੱਖਿਆ ਦੇ ਮੁਲਾਂਕਣ ਟੂਲਜ਼ ਹੈਡ ਆਫਿਸ ਵੱਲੋਂ ਭੇਜੇ ਜਾਣਗੇ। ਜਿਸ ਵਿੱਚ ਅਕਤੂਬਰ,2012 ਤੋਂ ਫਰਵਰੀ,2013 ਤੱਕ ਕਰਵਾਏ ਗਏ ਸਿਲੇਬਸ ਵਿੱਚੋਂ ਆਵੇਗਾ।

3.0 ਇਸੇ ਤਰ੍ਹਾਂ ਛੇਵੀਂ ਤੋਂ ਅਠਵੀਂ ਜਮਾਤ ਦੇ ਫਾਈਨਲ ਟਰਮ ਦੇ ਸਿਰਫ ਛੇ ਪ੍ਰਮੁੱਖ ਵਿਸ਼ਿਆਂ ਪੰਜਾਬੀ, ਹਿੰਦੀ, ਅੰਗਰੇਜ਼ੀ, ਸਮਾਜਿਕ ਸਿੱਖਿਆ, ਗਣਿਤ ਅਤੇ ਵਿਗਿਆਨ ਦੇ ਮੁਲਾਂਕਣ ਟੂਲਜ਼ ਭੇਜੇ ਜਾਣਗੇ, ਜਿਸ ਵਿੱਚ ਅਕਤੂਬਰ, 2012 ਤੋਂ ਫਰਵਰੀ, 2013 ਤੱਕ ਕਰਵਾਏ ਗਏ ਸਿਲੇਬਸ ਵਿੱਚ ਆਉਣਗੇ।ਬਾਕੀ ਵਿਸ਼ਿਆਂ ਦੇ ਮੁਲਾਂਕਣ ਟੂਲਜ਼, ਸਕੂਲ ਮੁੱਖੀ ਆਪਣੇ ਪੱਧਰ ਤੇ ਤਿਆਰ ਕਰਵਾਉਣਗੇ।

4.0 ਨੌਵੀਂ ਜਮਾਤ ਦੀ ਸਾਲਾਨਾ ਪ੍ਰੀਖਿਆ ਤਹਿਤ ਸਿਰਫ ਛੇ ਪ੍ਰਮੁੱਖ ਵਿਸ਼ਿਆਂ ਹਿੰਦੀ, ਪੰਜਾਬੀ,ਅੰਗ੍ਰੇਜ਼ੀ, ਸਮਾਜਿਕ ਸਿੱਖਿਆ, ਗਣਿਤ ਅਤੇ ਵਿਗਿਆਨ ਦੇ ਪ੍ਰਸ਼ਨ ਪੱਤਰ ਭੇਜੇ ਜਾਣਗੇ।ਇਸ ਸਾਲਾਨਾ ਪ੍ਰੀਖਿਆ ਲਈ ਅਪ੍ਰੈਲ,2012 ਤੋਂ ਜਨਵਰੀ 2013 ਤੱਕ ਸਿਲੇਬਸ ਆਵੇਗਾ।ਚੌਥੀ ਤੋਂ ਅਠਵੀਂ ਜਮਾਤਾਂ ਦੇ ਸਾਲਾਨਾ ਮੁਲਾਂਕਣ ਲਈ ਸਮਾਂ ਸਾਰਣੀ ਹੈਡ ਆਫਿਸ ਵੱਲੋਂ ਜਾਰੀ ਕੀਤੀ ਜਾਵੇਗੀ। ਬਾਕੀ ਵਿਸ਼ਿਆਂ ਦੇ ਮੁਲਾਂਕਣ ਟੂਲਜ਼, ਸਕੂਲ ਮੁੱਖੀ ਆਪਣੇ ਪੱਧਰ ਤੇ ਤਿਆਰ ਕਰਵਾਉਣਗੇ।

5.0 ਵਿਦਿਆਰਥੀ ਆਪਣੀ ਸਾਲਾਨਾ ਮੁਲਾਂਕਣ ਦੀ ਤਿਆਰੀ ਯੋਜਨਾਬੱਧ ਤਰੀਕੇ ਨਾਲ ਕਰਦੇ ਹੋਏ ਬਿਹਤਰ ਕਾਰਜਗੁਜਾਰੀ ਦਿਖਾ ਸਕਣ, ਇਸ ਲਈ ਛੇਵੀਂ ਤੋਂ ਅਠੱਵੀਂ ਜਮਾਤ ਅਤੇ ਨੌਵੀਂ ਪ੍ਰੀਖਿਆ ਲਈ ਨਿਰਧਾਰਿਤ ਮੁਲਾਂਕਣ ਟੂਲਜ਼ ਦੇ ਨਮੂਨੇ, ਅੰਕਾਂ ਦੀ ਵੰਡ, ਵਿਦਿਆਰਥੀ ਅਤੇ ਅਧਿਆਪਕ ਵਰਗ ਦੀ ਸਹੂਲਤ ਲਈ ਸਰਵ ਸਿੱਖਿਆ ਅਭਿਆਨ ਦੀ ਵੈੱਬ-ਸਾਈਟ ਤੇ ਅਪਲੋਡ ਕੀਤੇ ਜਾ ਰਹੇ ਹਨ। (ਨੱਥੀ : ਪੇਪਰ ਅਤੇ ਟੂਲਜ਼ ਦਾ ਪੈਟਰਨ)।ਇਸ ਸਬੰਧੀ ਵਿਦਿਆਰਥੀ ਦੀ ਸਾਲਾਨਾ ਪ੍ਰੀਖਿਆ ਦੀ ਤਿਆਰੀ ਨੂੰ ਮੁੱਖ ਰੱਖਦੇ ਹੋਏ ਫਰਵਰੀ, 2013 ਵਿੱਚ ਲਈ ਜਾਣ ਵਾਲੀ ਨੌਵੀਂ ਅਤੇ ਦਸਵੀਂ ਦੀ ਪ੍ਰੀ-ਬੋਰਡ ਪ੍ਰੀਖਿਆ ਹੈੱਡ ਆਫਿਸ ਤੋਂ ਜਾਰੀ ਸਮਾਂ ਸਾਰਣੀ ਅਨੁਸਾਰ ਲਈ ਜਾਵੇਗੀ ਅਤੇ ਇਸ ਦੇ ਪ੍ਰਸ਼ਨ ਪੱਤਰ ਸਾਰਣੀ ਮੁਤਾਬਿਕ ਸਰਵ ਸਿੱਖਿਆ ਅਭਿਆਨ ਦੀ ਵੈੱਬ ਸਾਈਟ ਤੇ ਅਪਲੋਡ ਕੀਤੇ ਜਾਣਗੇ।

6.0 ਇਸ ਤੋਂ ਇਲਾਵਾ ਸਿੱਖਿਆ ਵਿਭਾਗ ਵੱਲੋਂ ਲਏ ਗਏ ਇੱਕ ਅਹਿਮ ਫੈਸਲੇ ਅਨੁਸਾਰ ਗਿਆਰਵੀਂ ਦੇ ਸਾਰੇ ਸਟ੍ਰੀਮਾਂ ਦੇ ਪ੍ਰਸ਼ਨ ਪੱਤਰ ਹੈੱਡ ਆਫਿਸ ਵੱਲੋਂ ਪੇਪਰ ਵਾਲੇ ਦਿਨ ssa.pb ਦੀ ਵੈੱਬ ਸਾਈਟ ਤੇ ਅਪਲੋਡ ਕੀਤੇ ਜਾਣਗੇ, ਤਾਂ ਜੋ ਗਿਆਰਵੀਂ ਵਿੱਚ ਪੜ੍ਹਦੇ ਸਾਰੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਇੱਕ ਹੀ ਤਰ੍ਹਾਂ ਦੇ ਮੁਲਾਂਕਣ ਟੂਲਜ਼ ਰਾਹੀਂ ਮੁਲਾਂਕਣ ਕੀਤਾ ਜਾ ਸਕੇ। ਇਸ ਸਬੰਧੀ ਵਿਦਿਆਰਥੀ ਦੀ ਤਿਆਰੀ ਲਈ ਗਿਆਰਵੀਂ ਅਤੇ ਬਾਰ੍ਹਵੀਂ ਦਾ ਪ੍ਰੀ ਬੋਰਡ ਦਾ ਨਮੂਨੇ ਦਾ ਪੱਤਰ, ਫਰਵਰੀ ਦੇ ਦੂਸਰੇ ਹਫਤੇ ਲੋਡ ਕੀਤੇ ਜਾਣਗੇ, ਤਾਂ ਜੋ ਸਬੰਧਤ ਮੁੱਖੀ ਆਪਣੇ ਪੱਧਰ ਤੇ ਸਮਾਂ ਸਾਰਣੀ ਤਿਆਰ ਕਰਕੇ ਵਿਦਿਆਰਥੀ ਦਾ ਪ੍ਰੀ-ਬੋਰਡ ਲੈ ਸਕਣ।

7.0 ਫਰਵਰੀ, 2013 ਵਿੱਚ ਹੋਣ ਵਾਲੀ ਨੌਵੀਂ ਅਤੇ ਦਸਵੀਂ ਦੀ ਪ੍ਰੀ ਬੋਰਡ ਪ੍ਰੀਖਿਆ ਲਈ, ਹੈੱਡ ਆਫਿਸ ਤੋਂ ਸਮਾਂ ਸਾਰਣੀ ਜਾਰੀ ਕੀਤੀ ਜਾਵੇਗੀ ਅਤੇ ਦਿਨ ਦੇ ਦਿਨ ਸਰਵ ਸਿੱਖਿਆ ਅਭਿਆਨ, ਪੰਜਾਬ ਦੀ ਵੈੱਬਸਾਈਟ ਤੇ ਪ੍ਰਸ਼ਨ ਪੱਤਰ ਲੋਡ ਕੀਤੇ ਜਾਣਗੇ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ